# BLUEPRINT FOR ENGLISH LANGUAGE LEARNERS (ELLS) SUCCESS

ਨਿਊ ਯਾਰ੍ਕ ਸਟੇਟ ਐਜੂਕੇਸ਼ਨ ਵਿਭਾਗ (NYSED) ਦੇ ਦੋਭਾਸ਼ੀ ਸਿੱਖਿਆ ਅਤੇ ਵਿਦੇਸ਼ੀ ਭਾਸ਼ਾ ਸਟੱਡੀਜ਼ (OBE-FLS) ਦਫ਼ਤਰ ਦਾ ਮਿਸ਼ਨ ਸਭ ਨੂੰ ਜਿਸ ਵਿਚ ਨਿਊ ਯਾਰ੍ਕ ਸਟੇਟ (NYS) ਵਿਦਿਆਰਥੀ ਅਤੇ ਅੰਗਰੇਜ਼ੀ ਭਾਸ਼ਾ ਸਿਖਣ ਵਾਲੇ (ELLs) ਵਿਦਿਆਰਥੀ ਵੀ ਸ਼ਾਮਲ ਹੰਨ, ਅਕਾਦਮਿਕ ਸਫਲਤਾ ਅਤੇ ਭਾਸ਼ਾ ਦੀ ਮੁਹਾਰਤ ਦਾ ਸਰਵ ਉੱਚ ਪੱਧਰ ਤੇ ਹਾਸਲ ਕਰਣ ਨੂੰ ਯਕੀਨੀ ਬਣਾਉਣ ਦਾ ਹੁੰਦਾ ਹੈ।ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਕਿ ਸਾਰੇ ਵਿਦਿਆਰਥੀਆਂ ਦੀ ਵਿਅਕਤੀਗਤ ਵਿੱਦਿਅਕ ਮਾਰਗ ਅਤੇ ਸਮਾਜਕ-ਜਜ਼ਬਾਤੀ ਲੋੜ ਨਾਲ ਮਲਟੀਪਲ ਭਾਸ਼ਾ ਵਿੱਚ ਮੁਲਾਕਾਤ ਹੋਵੇ, ਅਤੇ ਉਹ ਉਹਣਾ ਦੀ ਕਾਲਜ ਅਤੇ ਕੈਰੀਅਰ ਤਿਆਰੀ ਵਿਚ ਅਗਵਾਈ ਬਣਨ। NYSED ਵਿਸ਼ਵਾਸ ਕਰਦਾ ਹੈ ਕਿ ਸਾਰੇ ਅਧਿਆਪਕ ELLs ਦੇ ਅਧਿਆਪਕ ਹੰਨ।

ਬਦਲ ਰਹੇ ਆਲਮੀ ਅਰਥਚਾਰੇ ਦੇ ਜਵਾਬ ਵਿੱਚ, NYSED ਣੇ ਕਾਮਨ ਕੋਰ ਮਿਆਰਾਂ (CCLS) ਨੂੰ ਅਪਣਾ ਲਿਆ ਹੈ, ਇਹ ਵਿਦਿਆਰਥੀ, ਅਧਿਆਪਕ, ਅਤੇ ਮਾਪਿਆਂ ਨੂੰ ਸਾਫ਼ ਉਮੀਦਾਂ ਦਾ ਸੈੱਟ ਪ੍ਰਦਾਨ ਕਰਦੇ ਹੰਨ ਜੋਕਿ ਉਹਨਾ ਦੀ ਕਾਲਜ ਅਤੇ ਕੈਰੀਅਰ ਤਿਆਰੀ ਵਿਚ ਮੋਹਰੀ ਬਣਦੇ ਹੰਨ। ਪਿਛਲੇ ਦਹਾਕੇ ਬੀਤਣ ਤੇ NYS ਪਬਲਿਕ ਸਕੂਲਾਂ' ਚ ELLs ਦੇ ਦਾਖਲੇ ਦੀ ਗਿਣਤੀ 'ਚ ਵਾਧਾ ਹੋਇਆ ਹੈ, ਜਿਸਦੇ ਨਤੀਜੇ ਵਿਦਿਆਰਥੀਆਂ ਦੀ ਮੌਜੂਦਾ ਆਬਾਦੀ 214.378 ਹੈ ਜੋ 160 ਤੋਂ ਉੱਤੇ ਭਾਸ਼ਾ ਬੋਲਦੇ ਹੰਨ। ਇਹਣਾ ਵਿਦਿਆਰਥੀਆਂ ਦੀ ਕਾਮਯਾਬੀ ਲਈ, NYSED ਨੂੰ ਉਪਯੁਕਤ ਸ੍ਕੈਫੋਲ੍ਡ੍ਸ, ਘਰ ਦੀ ਭਾਸ਼ਾ ਦਾ ਆਂਕਲਨ ਅਤੇ ਸਮੱਗਰੀ, ਮੁਹੱਈਆ ਕਰਨ ਦੀ ਲੋੜ ਹੈ, ਤਾਕਿ ਅਧਿਆਪਕ ਐਸੀ ਹਦਾਇਤ ਮੁਹੱਈਆ ਕਰਣ ਜੋ ਕਿ ਸਖ਼ਤ ਮਿਆਰਾਂ ਨੂੰ ਪੂਰਾ ਕਰਨ ਵਿਚ ਵਿਦਿਆਰਥੀ ਨੂੰ ਯੋਗ ਕਰੇ। ਸਿੱਖਿਆ ਕਮਿਸ਼ਨਰ ਦੇ ਰੈਗੂਲੇਸ਼ਨ ਭਾਗ 154 ਤਹਿਤ, OBE-FLS ਇਹ ਨਿਸ਼ਚਿਤ ਕਰਦੀ ਹੈ ਕਿ ਇਹ ਮੰਨਣ ਦੀ ਇਜਾਜ਼ਤ ਨਹੀ ਹੈ ਕਿ ELLs ਨੂੰ ਅੰਗਰੇਜ਼ੀ ਬੋਲਣ ਵਾਲੇ ਵਾਤਾਵਰਨ ਵਿੱਚ ਅਸਹਾਇਕ ਡੁੱਬਾਣਾ

ਉਹਨਾ ਨੂੰ ਅਕਾਦਮਕ ਕਾਮਯਾਬੀ ਵਿਚ ਸਮਰੱਥ ਕਰੇਗਾ। NYSED ਪੀ-12 ਆਮ ਕੋਰ ਲਰਨਿੰਗ ਮਿਆਰ (CCLS) ਚਾਹੁੰਦੇ ਨੇ ਕਿ ਹਰ ਅਧਿਆਪਕ ਨੂੰ ELLs ਸਮੇਤ ਸਾਰੇ ਵਿਦਿਆਰਥੀਆਂ ਨੂੰ ਅਕਾਦਮਿਕ ਭਾਸ਼ਾ ਅਤੇ ਚੁਣੌਤੀਪੂਰਨ ਸਮੱਗਰੀ ਸਿਖਾਉਣ ਲਈ ਤਿਆਰ ਹੋਣ ਦੀ ਲੋੜ ਹੈ। ਸਭ ਅਧਿਆਪਕਾਂ ਨੂੰ ਨਿਪੁੰਨ ਹੋਣਾ ਚਾਹੀਦਾ ਹੈ ਕਿ ਕਿਵੇਂ ਉਹ ELLs ਨੂੰ ਅੰਗਰੇਜ਼ੀ ਵਿੱਚ ਪ੍ਰਵੀਨਤਾ ਵੱਲ ਤਰੱਕੀ ਦੇ ਸਮੇ ਗਿਆਨ ਸਮੱਗਰੀ ਦੀ ਪ੍ਰਾਪਤੀ ਵਿਚ ਸਹਿਯੋਗ ਦੇਣ। ਸਿੱਖਿਆ ਦੇਣ ਵਾਲਿਆਂ ਲਈ ਇਹ ਲਾਜ਼ਮੀ ਹੈ ਕਿ ਉਹ ਸਾਰੇ ਵਿਦਿਆਰਥੀਆਂ ਕੋਲੋਂ CCLS ਦੀ ਉੱਚ ਮੰਗਾਂ ਨੂੰ ਮਿਲਣ ਦੇ ਯਕੀਨੀ ਬਣਾਉਣ ਲਈ ਸਭ ਸਮੱਗਰੀ ਦੇ ਖੇਤਰਾਂ ਵਿਚ ਕੰਮ ਕਰਣ।

ਹੇਠ ਦਿੱਤੇ ਅਸੂਲਾਂ ਨੂੰ ਧਿਆਨ ਨਾਲ ਇੱਕ ਵਿਆਪੀ ਫਰੇਮਵਰਕ ਦੇ ਤੌਰ ਤੇ ਇਸ ਉਦੇਸ਼ ਨਾਲ ਤਿਆਰ ਕੀਤਾ ਗਿਆ ਸੀ ਕਿ ਉਹ ਪਰਬੰਧਕ, ਨੀਤੀ, ਅਤੇ ਪ੍ਰੈਕਟੀਸ਼ਨਰਜ਼ ਲਈ ਉਮੀਦ ਸਪਸ਼ਟ ਕਰਣ ਕਿ ਉਹ ELLs ਨੂੰ Prekindergarten ਤੋਂ ਸ਼ੁਰੂ ਹੋਕੇ ਕਾਲਜ ਅਤੇ ਕੈਰੀਅਰ ਦੇ ਲਈ ਬੁਨਿਆਦ ਰੱਖਣ ਤਕ ਦੀ ਸਫਲਤਾ ਲਈ ਤਿਆਰ ਕਰਣ। ਇਹਣਾ ਅਸੂਲਾਂ ਦਾ ਇਰਾਦਾ, ਜ਼ਿਲ੍ਹੇ, ਸਕੂਲ, ਅਤੇ ਅਧਿਆਪਕਾਂ ਨੂੰ ਵਸੀਲੇ, ਅਤੇ ਸਹਾਇਤਾ ਪ੍ਰਦਾਨ ਕਰਣ ਦਾ ਹੈ ਅਤੇ ਨਾਲ ਹੀ ਇੱਕ ਦੋ ਭਾਸ਼ੀ ਸਿਖਿਆ, ਵਿਦੇਸ਼ੀ ਭਾਸ਼ਾ ਦੇ ਤੌਰ ਤੇ ਅੰਗਰੇਜ਼ੀ, ਅਤੇ ਦੂਜੀ ਭਾਸ਼ੀ ਸਟੱਡੀਜ਼, ਦੀ ਇੱਕ ਬਿਹਤਰ ਸਮਝ ਨੂੰ ਪ੍ਰਫੁੱਲਤ ਕਰਨ ਅਤੇ ਕਦਰਦਾਨੀ ਦੇਣ ਦਾ ਹੈ।

# BLUEPRINT FOR ENGLISH LANGUAGE LEARNERS (ELLS) SUCCESS:

ਉਹ ਅਸੂਲ ਜਿਹੜੇ ELLs ਦੇ ਬਲਊਪ੍ਰਿੰਟ ਲਈ ਸੇਧ ਹੰਨ, ਉਹ ਹੰਨ:

1. ਸਭ ਅਧਿਆਪਕ ਅੰਗਰੇਜ਼ੀ ਭਾਸ਼ਾ ਦੇ ਅਧਿਆਪਕ ਹੰਨ, ਅਤੇ ਉਹਣਾ ਨੂੰ ਇਸ ਦੇ ਅਨੁਸਾਰ ਹੀ ਯੋਜਨਾ ਕਰਨ ਦੀ ਲੋੜ ਹੈ, ਕੇ:
   - ਸਾਰੇ ਭਿੰਨਤਾ ਸਿਖਿਆਰਥੀ ਅਤੇ ਉਹਨਾ ਸਮੇਤ ਵਅਕਤੀਗਤ ਵਿਦਿਅਕ ਪ੍ਰੋਗਰਾਮ (IEP) ਵਾਲਿਆਂ ਲਈ ਸੱਭਿਆਚਾਰਕ ਅਤੇ ਭਾਸ਼ਾ ਦੇ ਉਚਿਤ ਸਿਖਿਆ ਪੇਸ਼ ਅਤੇ ਵਤਆਰ  ਕਰਣ ਦੀ ਹਦਾਇਤ ਕੀਤੀ ਹੈ।
   - ਭਾਸ਼ਾ ਦੇ-ਫੋਕਸ scaffolds ਦੁਆਰਾ ਭਾਸ਼ਾ ਵਿਕਾਸ ਨੂੰ ਸਮਰਥਨ ਕਰਨ ਲਈ ਸੰਗਠਿਤ ਭਾਸ਼ਾ ਅਤੇ ਵਿਸ਼ੇ ਦੀ ਹਦਾਇਤ ਦੇਓ।
   - ਦੋਭਾਸ਼ੀ, ਐੱਲ, ਅਤੇ ਦੂਸਰੇ ਵਿਸ਼ੇ ਦੇ-ਖੇਤਰ ਦੇ ਅਿਧਆਪਕਾਂ ਨੂੰ ਸਾਰੇ ਵਿਸ਼ਿਆਂ ਦੇ-ਖੇਤਰ ਵਿੱਚ ਵਿੱਦਿਅਕ ਪ੍ਰਾਪਤੀ ਨੂੰ ਵਧਾਉਣ ਲਈ ਮਕਸਦ ਨਾਲ ਅਤੇ ਲਗਾਤਾਰ ਜੁੜ ਕੇ ਕੰਮ ਕਰਨਾ ਚਾਹੀਦਾ ਹੈ।
   - ਭਾਸ਼ਾ ਦੇ ਮੁਤਾਬਿਕ, ਉਮਰ / ਗਰੇਡ ਉਚਿਤ ਅਤੇ ਆਮ ਕੋਰ ਲਰਨਿੰਗ ਮਿਆਰ (CCLS)  ਦੇ ਉਚਿਤ ਸਮੱਗਰੀ ਅਤੇ ਪੜ੍ਹਾਈ ਵਸੀਲੇ ਇਕਠੇ ਕਰੋ।
   - ELLs ਦੇ ਕਈ ਲੋੜਾਂ ਨੂੰ ਪੂਰਾ ਕਰਨ ਦੇ ਕ੍ਰਮ ਵਿੱਚ ਸਕੂਲ ਦੇ ਸਹਿਯੋਗ ਕਰਮਚਾਰੀ ਅਤੇ ਭਾਈਚਾਰੇ-ਅਧਾਰਿਤ ਮਨੁੱਖੀ ਸਰੋਤ ਨਾਲ ਮਿਲ ਕੇ ਕੰਮ ਕਰੋ।
2. ELLs ਦੇ ਅਕਾਦਮਿਕ,, ਭਾਸ਼ਾਈ ਸਮਾਜਿਕ, ਅਤੇ ਜਜ਼ਬਾਤੀ ਲੋੜ ਨੂੰ ਸੰਬੋਧਨ ਕਰਨ ਨੂੰ ਯਕੀਨੀ ਬਣਾਉਣ ਲਈ  ਸਕੂਲ ਬੋਰਡ ਅਤੇ ਜ਼ਿਲ੍ਹੇ / ਸਕੂਲ ਦੇ ਆਗੂ ਜ਼ਿੰਮੇਵਾਰ ਹੰਨ:
   - ਉੱਚ ਗੁਣਵੱਤਾ ਦੇ ਪ੍ਰੋਗਰਾਮ ਜੋਕਿ ELLs ਦੀ ਲੋੜ ਨੂੰ ਪੂਰਾ ਕਰਦੇ ਹਨ ਉਹਨਾ ਦੇ ਦੁਆਰਾ  ਵਿਦਿਆਰਥੀ ਨੂੰ ਸਫਲਤਾ ਦੇ ਲਈ ਇੱਕ ਸਾਫ ਦਰਸ਼ਣ ਦੇਂਦੇ ਹੰਨ ਜਿਸ ਵਿਚ

ਉੱਚ ਉਮੀਦ ਅਤੇ ਸਮਾਜਿਕ-ਭਾਵਨਾਤਮਕ ਵਿਕਾਸ ਜੋ ਕਿ ਇਕ ਕਾਰਵਾਈ ਦੇ ਮਕਸਦ ਦੀ ਯੋਜਨਾ ਦੁਆਰਾ ਐੈਲ ਵਿਦਿਆਰਥੀ ਦੀ ਪ੍ਰਾਪਤੀ ਲਈ ਕਾਲਜ ਅਤੇ ਕੈਰੀਅਰ ਦੀ ਤਿਆਰੀ ਨੂੰ ਕਈ ਮਲਟੀਪਲ ਤਰੀਕੇ ਦਿੰਦਾ ਹੈ।

- ELLs ਲਈ ਉੱਚ ਗੁਣਵੱਤਾ ਦੀ ਸਿਖਿਆ ਪ੍ਰਦਾਨ ਕਰਨਾ।
- ਇਹ ਯਕੀਨੀ ਕਰਨ ਲਈ ਕਿ ਹਦਾਇਤੀ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ, ਮਾਲੀ ਅਤੇ ਮਨੁੱਖੀ ਵਸੀਲੇ ਇਕਸਾਰ ਕਰੋ ਅਤੇ ਤਾਲਮੇਲ ਵਿਚ ਲਿਆਓ।
- ਅਧਿਆਪਕਾਂ ਨੂੰ ਆਪਣੇ ਪੜ੍ਹਾਈ ਦੇ ਅਭਿਆਸ ਵਿੱਚ ਸੁਧਾਰ ਕਰਨ ਲਈ ਉੱਚ ਗੁਣਵੱਤਾ, ਫੀਡਬੈਕ ਅਤੇ ਦਿਸ਼ਾ ਪ੍ਰਦਾਨ ਕਰਣ ਦਾ ਸਹਿਯੋਗ ਦਿਉ।
- ਇੱਕ ਸੁਰੱਖਿਅਤ ਅਤੇ ਸ਼ਮੂਲੀਅਤ ਸਿੱਖਣ ਦਾ ਵਾਤਾਵਰਣ ਦੇਓ ਜਿਹੜਾ ਸਾਰੇ ਵਿਦਿਆਰਥੀਆਂ ਦੇ ਭਾਸ਼ਾ ਅਤੇ ਸਭਿਆਚਾਰ ਨੂੰ ਪਛਾਣਦਾ ਅਤੇ ਉਸਦਾ ਸਨਮਾਨ ਕਰਦਾ ਹੈ।
- ਉੱਚ ਉਮੀਦ ਦੇ ਇੱਕ ਸਕੂਲ ਦੇ ਸਭਿਆਚਾਰ ਨੂੰ ਪੈਦਾ ਕਰਨ ਲਈ ਇਹ ਯਕੀਨੀ ਬਣਾਉ ਕਿ ਜ਼ਿਲ੍ਹੇ ਅਤੇ ਸਕੂਲ ਆਗੂਆਂ ਨੂੰ ELLs ਦੀ ਲੋੜ ਨੂੰ ਪੂਰਾ ਕਰਨ ਦੀ ਸਿਖਲਾਈ ਦਿਤੀ ਜਾਂਦੀ ਹੈ।
- ਅਪਾਹਜਤਾ ਵਾਲੇ ELLs ਲਈ ਉੱਚ ਗੁਣਵੱਤਾ ਵਾਲੀ ਪੜ੍ਹਾਈ ਅਤੇ ਸਹਾਇਤਾ ਸੇਵਾ ਉਹਨਾ ਦੇ IEPs ਅਤੇ ਮੌਜੂਦਾ ਪਾਲਸੀ ਨਾਲ ਸ਼ਫ਼ਬੰਦੀ ਹੋਈ ਪ੍ਰਦਾਨ ਕਰੋ।

3. ਜ਼ਿਲ੍ਹੇ ਅਤੇ ਸਕੂਲ ਸਾਰੇ ਅੰਗਰੇਜ਼ੀ ਭਾਸ਼ਾ ਸਿਖਣ ਵਾਲਿਆਂ ਨੂੰ ਗਰੇਡ- ਉਚਿਤ, ਅਕਾਦਮਕ ਸਖ਼ਤ, ਅਤੇ ਨਿਊ ਯਾਰ੍ਕ ਦੇ ਆਮ ਕੋਰ ਲਈ Prekindergarten ਫਾਊਂਡੇਸ਼ਨ ਅਤੇ ਪੀ-12 ਤਕ ਦੇ ਸਟੇਟ ਦੇ ਆਮ ਕੋਰ ਸ਼ਿਕ੍ਸ਼ਣ ਮਿਆਰਾਂ ਨਾਲ ਸਬੰਧਤ ਹਦਾਇਤ ਵਿੱਚ ਆਹਰੇ ਹੰਨ। ਕਰਕੇ:
    - ਖਾਸ ਸਮੱਗਰੀ ਅਤੇ ਭਾਸ਼ਾ ਦੇ ਸਪਸ਼ਟ ਉਦੇਸ਼

- ਖਾਸ ਅਤੇ ਅਸਪਸ਼ਟ ਰਿਸਰਚ-ਅਧਾਰਿਤ ਸ਼ਬਦਾਵਲੀ ਸੰਯੋਜਿਤ ਹਦਾਇਤ
- ਹਾਣਿਆਂ ਨਾਲ ਵਿਸ਼ੇ ਅਤੇ ਸਮੱਸਿਆ ਨੂੰ ਹੱਲ ਕਰਨ ਅਤੇ ਚਰਚਾ ਕਰਨ ਲਈ ਵਿਦਿਆਰਥੀਆਂ ਲਈ ਮੌਕੇ ਪ੍ਰਦਾਨ ਕਰਨਾ
- ਰਣਨੀਤਕ ਰਿਸਰਚ-ਅਧਾਰਿਤ ਅਮਲ (ਉਦਾਹਰਨ ਵਰਤ ਕੇ ਹਦਾਇਤ ਵਸ਼ੰਗ, ਮਲਟੀਮੀਡਿਆ, ਦਿੱਖ, ਗ੍ਰਾਫਿਕ ਵਿਵਸਥਾਪਕ, ਆਦਿ)
- ਅਪਾਹਜ ELLs ਦੀ ਖਾਸ ਹਦਾਇਤ ਲੋੜ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹਦਾਇਤ, ਵਿਸ਼ੇਸ਼ ਸਿੱਖਿਆ ਲਈ ਸਹਿਯੋਗੀ ਸੇਵਾ, ਸੁਵਿਧਾ ਪ੍ਰਦਾਨ ਕਰਨਾ
- ਅਰਲੀ ELLs ਦੀ ਲੋੜ ਨੂੰ ਪੂਰਾ ਕਰਣ ਅਤੇ ਨਯੂ ਯਾਰ੍ਕ ਸਟੇਟ ਆਮ ਕੋਰ ਲਈ Prekindergarten ਫਾਊਨਡੇਸ਼ਨ ਨੂੰ ਸਹਿਯੋਗ ਦੇਣ ਲਈ ਇੱਕ ਉੱਚ ਗੁਣਵੱਤਾ ਵਾਲੇ ਪਾਠਕ੍ਰਮ ਦੇ ਵਤਆਰ ਦੀ ਚੋਣ, ਅਤੇ ਲਾਗੂ ਕਰਨਾ http://www.p12.nysed.gov/ciai/common_core_standards/pdfdocs/nyslsprek.pdf.
- ਅਕਾਦਮਿਕ ਭਾਸ਼ਾ ਅਤੇ ਵਿਸ਼ੇ ਦੇ-ਖੇਤਰ ਦਾ ਇਸਤੇਮਾਲ ਕਰਕੇ ਅਤੇ ਨਯੂ ਯਾਰ੍ਕ ਸਟੇਟ ਦੇ ਦੋ ਭਾਸ਼ੀ ਆਮ ਕੋਰ ਵਿਕਾਸ ਵਰਤ ਕੇ ELLs ਨੂੰ ਭਾਸ਼ਾ ਦੇ ਵਿਕਾਸ ਨਿਰੰਤਰਤਾ ਦੇ ਨਾਲ ਰਣਨੀਤਕ ਵਧਣ ਦਾ ਸਹਿਯੋਗ ਦਿੰਦਾ ਹੈ। http://www.engageny.org/resource/new-york-state-bilingual-common-core-initiative

4. ਜ਼ਿਲ੍ਹੇ ਅਤੇ ਸਕੂਲ ਦੋਭਾਸ਼ੀ ਅਤੇ ਦੋਹਰੀ ਸਾਖਰਤਾ ਨੂੰ ਜਾਇਦਾਦ ਮਨਦੇ ਹੰਨ, ਜੋ ਕਿ ਸਭ ਵਿਦਿਆਰਥੀਆਂ ਲਈ ਮੌਕੇ ਪੈਦਾ ਕਰੇ ਕਿ ਉਹ ਹਾਈ ਸਕੂਲ ਦੇ ਡਿਪਲੋਮਾ ਪ੍ਰਾਪਤ ਕਰਨ ਉੱਤੇ ਦੋਹਰੀ ਸਾਖਰਤਾ ਦੀ ਇੱਕ ਸੀਲ ਦੀ ਕਮਾਈ ਕਰਨ, ਸਾਰੇ ਵਿਦਿਆਰਥੀਆਂ ਨੂੰ ਇਹ ਮੁਹੱਈਆ ਕਰਾਕੇ :

- ਭਾਸ਼ਾ ਨੂੰ ਸਿੱਖਣ ਵਿੱਚ ਜ ਭਾਸ਼ਾ ਸਹਿਯੋਗ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਮੌਕੇ ਜੋ ਕਿ ਉਹਨਾ ਦੀ ਅੰਗਰੇਜ਼ੀ ਅਤੇ ਹੋਰ ਭਾਸ਼ਾ ਵਿਚ ਮੁਹਾਰਤ ਦੀ ਬੜ੍ਹਤ ਕਰਣ
- ਅਕਾਦਮਿਕ ਭਾਸ਼ਾ ਅਤੇ ਵਿਸ਼ੇ ਦੇ ਗਿਆਨ ਨੂੰ ਵਰਤਣ ਅਤੇ ਵਿਕਸਿਤ ਕਰਨ ਲਈ ਮੌਕੇ ਦੋਨਾ ਅੰਗਰੇਜ਼ੀ ਅਤੇ ਅੰਗਰੇਜ਼ੀ ਦੀ ਬਜਾਏ ਕੋਈ ਹੋਰ ਭਾਸ਼ਾ ਚ, ਜਿਸ ਵਿਚ ਵਿਦਿਆਰਥੀ ਦੇ ਘਰ ਦੇ ਭਾਸ਼ਾ ਵੀ ਸ਼ਾਮਲ ਹੈ
- ELLs ਲਈ ਸਖ਼ਤ ਦੋ ਭਾਸ਼ੀ ਸਿਖਿਆ ਪ੍ਰੋਗਰਾਮ ਘਰ ਦੀ ਭਾਸ਼ਾ ਨੂੰ ਬਣਾਈ ਰੱਖਣ ਅਤੇ ਵਿਕਾਸ ਦੇ ਲਈ ਅਤੇ ਅੰਗਰੇਜ਼ੀ ਵਿੱਚ ਪ੍ਰਵੀਨਤਾ ਹਾਸਲ ਕਰਨ ਦੇ ਨਾਲ ਨਾਲ ਦੋਹਰੀ ਸਾਖਰਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ
- ਅਲਟਰਨੇਟ ਤਰੀਕੇ ਉਸ ਲਈ ਜਿਸ ਦੇ ਘਰ ਦੀ ਭਾਸ਼ਾ ਉਹ ਹੈ ਜਿਸ ਲਈ, ਜ਼ਿਲ੍ਹੇ 'ਚ ਵਿਦਿਆਰਥੀਆਂ ਦੇ ਦੋ ਭਾਸ਼ੀ ਸਿਖਿਆ ਪ੍ਰੋਗਰਾਮ ਭਾਸ਼ਾ ਦੀ ਘਟ ਮੌਜੂਦਗੀ ਕਾਰਨ, ਮੌਜੂਦ ਨਹੀ ਹੰਨ

5. ਜ਼ਿਲ੍ਹੇ ਅਤੇ ਸਕੂਲ ELLs ਦੇ ਸਾਰੇ ਮਾਪੇ ਅਤੇ ਪਰਿਵਾਰਾਂ ਦੀ ਸਿੱਖਿਆ ਦੇ ਵਿੱਚ ਭਾਈਵਾਲ ਦੇ ਤੌਰ ਤੇ ਕਦਰ ਕਰਦੇ ਹੰਨ ਅਤੇ ਅਸਰਦਾਰ ਢੰਗ ਨਾਲ ਆਪਣੇ ਬੱਚੇ ਦੀ ਸਿੱਖਿਆ ਵਿੱਚ ਸ਼ਾਮਲ ਹੋਣ ਨੂੰ ਕਹਿੰਦੇ ਹੰਨ, ਕਰਕੇ:
    - ਮਾਪਿਆਂ ਨੂੰ ਇਹੋ ਜਹੇ ਸਰੋਤ ਦੇ ਕੇ ਜੋ ਉਹਨਾ ਨੂੰ ਆਪਣੇ ਬੱਚੇ ਦੀ ਸਿੱਖਿਆ ਬਾਰੇ ਸੂਚਿਤ ਫ਼ੈਸਲੇ ਲੈਣ ਲਈ ਸਮਰੱਥ ਕਰੇ
    - ਸਾਰੇ ਮਾਪਿਆਂ ਨੂੰ ਉਹਨਾ ਦੇ ਅਧਿਕਾਰ ਅਤੇ ਪ੍ਰੋਗਰਾਮਾਂ ਦੇ ਵਿਕਲਪ ਦੀ ਉਚਿਤ ਜਾਣਕਾਰੀ ਇੱਕ ਇਹੋ ਜਹੀ ਭਾਸ਼ਾ ਅਤੇ ਫਾਰਮੈਟ ਵਿਚ ਮੁਹੱਈਆ ਕਰਕੇ, ਜੇਹੜੀ ਮਾਪੇ ਆਸਾਨੀ ਨਾਲ ਸਮਝ ਅਤੇ ਇਸਤਮਾਲ ਕਰ ਸਕਦੇ ਹੰਨ
    - ਮਾਪਿਆਂ ਨੂੰ ਅੰਗਰੇਜ਼ੀ ਵਿੱਚ ਅਤੇ ਉਹਨਾ ਦੇ ਘਰ ਦੀ ਭਾਸ਼ਾ ਵਿੱਚ ਪ੍ਰਭਾਵਸ਼ਾਲੀ ਢੰਗ ਦੀ ਸਿਖਲਾਈ ਮੁਹੱਈਆ ਕਰਾਨਾ ਜਿਹੜੀ ਕਿ ਉਹਨਾ ਦੇ ਬੱਚੇ ਨੂੰ ਸਕੂਲ ਦੇ ਵਿੱਚ ਅਤੇ ਬਾਹਰ ਸਿਖਲਾਈ ਨੂੰ ਸਹਿਯੋਗ ਦਵੇ

- ਮਾਪਿਆਂ ਨੂੰ ਸਕੂਲ ਵਿੱਚ ਭਾਈਚਾਰੇ ਨਾਲ ਸਰਗਰਮ ਹਿੱਸਾ ਲੈਣ, ਯੋਗਦਾਨ ਅਤੇ ਸਭਿਆਚਾਰਕ ਸੰਪਰਕ ਦੇ ਤੌਰ ਤੇ ਪ੍ਰਬੰਧ ਕਰਨ ਲਈ
- ਸਕੂਲ ਨੇ ਜਿਨਾ ਉੱਚ ਉਮੀਦਾਂ ਦੀ ਸਾਰੇ ELLs ਦੀ ਸਿੱਖਿਆ ਲਈ ਸਥਾਪਨਾ ਕੀਤੀ ਹੈ ਉਹਨਾ ਨੂੰ ਮਾਪਿਆਂ ਅਤੇ ਪਰਿਵਾਰ ਦੇ ਨਾਲ ਸਾਂਝਾ ਕਰਨਾ ਅਤੇ ਉਹਨਾ ਉਮੀਦਾਂ ਦੀ ਪ੍ਰਾਪਤੀ ਅਤੇ ਆਸ ਵਿਚ ਰੁਝਾਉਣ ਲਈ
- ELLs ਦੇ ਪਰਿਵਾਰ ਦੇ ਕਈ ਲੋੜ ਨੂੰ ਪੂਰਾ ਕਰਨ ਲਈ ਸਕੂਲ ਦੇ ਸਹਿਯੋਗ ਕਰਮਚਾਰੀ ਅਤੇ ਆਵਾਸੀ ਭਾਈਚਾਰੇ ਤੇ ਅਧਾਰਿਤ ਸੰਗਠਨਾ-ਨਾਲ ਮਿਲ ਕੰਮ ਕਰਨਾ

6. ਜ਼ਿਲ੍ਹਾ ਅਤੇ ਸਕੂਲ ਭਾਈਚਾਰੇ ਦੋਭਾਸ਼ੀ, ਐੱਲ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾ (Lote) ਦੇ ਅਧਿਆਪਕ ਅਤੇ ਸਹਿਯੋਗ ਕਰਮਚਾਰਿਆਂ ਦੀ ਮਹਾਰਤ ਦਾ ਲਾਭ ਉਦੋਂ ਲੈਂਦੇ ਹੰਨ ਜਦੋਂ ਕਿ ਉਹਨਾ ਦੀ ਪੇਸ਼ੇਵਰ ਆਇਤਨ ਵਧਾਉਣੀ ਹੋਵੇ, ਕਰਕੇ:
   - ਸਾਰੇ ਅਧਿਆਪਕਾਂ ਦੇ ਸਹਿਯੋਗ, ਹਦਾਇਤ ਤਿਆਰੀ, ਵਿਦਿਆਰਥੀ ਦੇ ਕੰਮ ਦਾ ਵਿਸ਼ਲੇਸ਼ਣ ਅਤੇ ਸਖ਼ਤ ਸਬਕ ਦਾ ਵਿਕਾਸ ਕਰਨ ਲਈ ਜਾਣ ਬੁੱਝ ਕੇ ਸਿੱਖਣ ਦੇ ਮੌਕੇ ਬਣਾ ਕੇ
   - ਸਾਰੇ ਅਧਿਆਪਕਾਂ ਦੇ ਅਰਥਪੂਰਨ ਪੇਸ਼ੇਵਰ ਵਿਕਾਸ ਲਈ ਜਿਸ ਵਿਚ ਘਰ ਅਤੇ ਨਵ ਭਾਸ਼ਾ ਦੇ ਵਿਕਾਸ ਦੇ ਨਾਲ-ਨਾਲ ELLs ਦੀ ਲੋੜ ਨੂੰ ਸੰਬੋਧਤ ਹੈ ਵਿੱਚ, ਹਿੱਸਾ ਲੈਣ ਲਈ ਕਾਫ਼ੀ ਅਤੇ ਨਿਰੰਤਰ ਮੌਕੇ ਪ੍ਰਦਾਨ ਕਰਕੇ
7. ਜ਼ਿਲ੍ਹੇ ਅਤੇ ਸਕੂਲ ਭਾਈਚਾਰੇ ELLs 'ਦੇ ਘਰ ਦੀ ਭਾਸ਼ਾ, ਸਭਿਆਚਾਰਕ ਜਾਇਦਾਦ , ਅਤੇ ਪੁਰਾਣੇ ਗਿਆਨ ਦਾ ਖੁਲ੍ਹ ਕੇ ਫਾਇਦਾ ਲੈਂਦੇ ਹੰਨ, ਕਰਕੇ:
   - ਘਰ ਦੀ ਭਾਸ਼ਾ ਨੂੰ ਹਦਾਇਤੀ ਜਾਇਦਾਦ ਮੰਨ ਕੇ ਉਸਦੀ ਵਰਤੋਂ ਇਹ ਯਕੀਨੀ ਬਣਾ ਕੇ ਕਿ ਇਹ ਸਮੱਗਰੀ ਅਰਥਭਰਪੂਰ ਹੈ ਅਤੇ ਸਮਝਣ ਯੋਗ ਹੈ ਪੁਰਾਣੇ ਗਿਆਨ ਨੂੰ ਨਵ ਗਿਆਨ ਨਾਲ ਜੋੜਣ ਲਈ ਕਰਨਾ
   - ELLs ਦੇ ਘਰ ਦੀ ਭਾਸ਼ਾ ਅਤੇ ਸਭਿਆਚਾਰ ਦਾ ਇਸਤੇਮਾਲ ਸਭ ਵਿਦਿਆਰਥੀ ਐਕਟ

ਦੀ ਇੱਜ਼ਤ ਨਾਲ ਵਿਭਿੰਨਤਾ ਨੂੰ ਪ੍ਰਫੁੱਲਤ ਕਰਨ ਲਈ ਕਰਨਾ (NYS ਪਹਿਲ, ਪ੍ਰਭਾਵਸ਼ਾਲੀ, 2013 ਜੁਲਾਈ)

http://www.p12.nysed.gov/dignityact/.

8. ਹਦਾਇਤ ਨੂੰ ਸੂਚਿਤ ਕਰਨ ਲਈ ਜ਼ਿਲ੍ਹੇ ਅਤੇ ਸਕੂਲ ELLs ਦੇ ਸਮੱਗਰੀ  ਗਿਆਨ ਦੇ ਨਾਲ ਨਾਲ ਨਵੀਂ ਅਤੇ ਘਰ ਦੀ ਭਾਸ਼ਾ ਦੇ ਵਿਕਾਸ ਨੂੰ ਮਾਪਣ ਦੇ ਕ੍ਰਮ ਵਿੱਚ ਡਾਇਗਨੋਸਟਿਕ ਸੰਦ ਅਤੇ ਵਿਕਾਸ ਨਿਰਧਾਰਨ ਅਭਿਆਸ ਦੀ ਵਰਤੋਂ ਕਰਦੇ ਹੰਨ, ਕਰਕੇ:
   - ਵਿਕਾਸ ਨਿਰਧਾਰਨ ਦੇ ਨਾਲ ਜੋੜ ਕੇ ਰਾਜ ਨਿਰਧਾਰਨ ਦਾ ਇਸਤੇਮਾਲ ਕਰਕੇ
   - ELLs ਭਾਸ਼ਾ ਦੀ ਵਿਕਾਸ ਨਿਰੰਤਰਤਾ ਦੇ ਨਾਲ ਕਿਥੇ ਹੰਨ ਇਸ ਨੂੰ ਸਮਝਣ ਲਈ ਅਤੇ ਉਹਨਾ ਦੇ ਨਿਪੁੰਨਤਾ ਪੱਧਰ ਦੇ ਅਨੁਸਾਰ ਉਹਨਾ ਲਈ ਉਚਿਤ scaffolds ਮੁਹੱਈਆ ਕਰਾਨ ਲਈ ਨਯੂ ਯਾਰ੍ਕ ਸਟੇਟ ਭਾਸ਼ਾ ਦੀ ਮੁਹਾਰਤ ਦਾ ਡਾਟਾ (ਨਯੂ ਯਾਰ੍ਕ ਸਟੇਟ ਦੇ ਅੰਗਰੇਜ਼ੀ ਇਕ ਦੂਜੀ ਭਾਸ਼ਾ ਦੇ ਪ੍ਰਾਪਤੀ ਟੈਸਟ [NYSESLAT] ਤੋਂ ਅਤੇ ਰਾਜ ਦੇ ਅੰਗਰੇਜ਼ੀ ਭਾਸ਼ਾ ਸਿਖਣ ਵਾਲੀਆਂ ਦੇ ਸ਼ਨਾਖਤੀ ਟੈਸਟ [NYSITELL]) ਦਾ ਇਸਤਮਾਲ ਕਰਕੇ
   - ਪ੍ਰਮਾਣਿਤ ਨਿਰਧਾਰਨ ਦਾ ਇਸਤਮਾਲ ਕਰਨਾ ਜੋ ਕਿ ਪਰਮਾਣਿਕ ਅਤੇ ਅਮੀਰ ਸੰਖੇਪ ਵਿੱਚ ਇੰਬੈੱਡ ਭਾਸ਼ਾ ਦੇ ਗੁੰਝਲਦਾਰ ਰੂਪ ਦੇ ਵਰਤੋਂ  ਦੀ  ਲੋੜ ਮੰਗਦੀ  ਹੈ
   - ਅਪਾਹਜ ELLs ਦੀ ਲੋੜ ਅਤੇ ਤਰੱਕੀ ਦਾ ਜਾਇਜ਼ਾ ਲੈਣ ਲਈ, ਲੋੜੀਦੇ ਸੰਦਾਂ ਦਾ ਇਸਤਮਾਲ ਕਰਨਾ
   - ਉਸ ਐਨਾਲਿਟੀਕਲ rubrics ਦਾ ਇਸਤਮਾਲ ਕਰਣਾ ਜੋ ਭਾਸ਼ਾ ਦੇ ਵਿਸ਼ੇ ਗਿਆਨ ਅਤੇ ਵਿਕਾਸ ਉੱਤੇ ਸੁਝਾਅ ਦੇਣ
   - ਘਰ ਦੀ ਭਾਸ਼ਾ ਨਿਰਧਾਰਨ ਦਾ ਇਸਤੇਮਾਲ ਹਦਾਇਤ ਨੂੰ ਸੂਚਿਤ ਕਰਨ ਅਤੇ ਉਹਨਾ ਦੋਭਾਸ਼ੀ ਸਿਖਿਆ ਪ੍ਰੋਗਰਾਮਾਂ ਵਿੱਚ ਵਿਕਾਸ ਦਰ ਦਿਖਾਉਣ ਲਈ ਕਰਣਾ ਜਿਹਨਾ ਵਿਚ ਘਰ ਦੀ ਭਾਸ਼ਾ ਨੂੰ ਵਰਤਿਆ ਜਾ  ਰਿਹਾ ਹੈ।